ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਅਤੇ ਯੱਕੀ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Ruth Klassen
Alastair Paterson

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਇੱਕ ਦਿਨ ਯਿਸੂ ਯਰੀਹੋ ਦੇ ਵਿੱਚੋਂ ਲੰਘਿਆ। ਬਹੁਤ ਸਮਾਂ ਪਹਿਲਾਂ ਇਹ ਸ਼ਹਿਰ ਯਹੋਸ਼ੁਆ ਦੁਆਰਾ ਤਬਾਹ ਕੀਤਾ ਗਿਆ ਸੀ। ਹੁਣ ਉਹ ਦੁਬਾਰਾ ਬਣਾਇਆ ਗਿਆ ਸੀ ਅਤੇ ਬਹੁਤ ਲੋਕ ਉੱਥੇ ਰਹਿੰਦੇ ਸਨ। ਉਹਨਾਂ ਵਿੱਚ ਇੱਕ ਜ਼ੱਕੀ ਨਾਂ ਦਾ ਮਨੁੱਖ ਸੀ।



ਸ਼ਾਇਦ ਯਰੀਹੋ ਦੇ ਵਿੱਚ ਹੋਰ ਲੋਕ ਉਸਨੂੰ ਬਹੁਤ ਪਸੰਦ
ਨਹੀ ਕਰਦੇ ਸਨ ਕਿਉਂਕਿ ਉਹ ਉਹਨਾਂ ਤੋਂ ਕਰ ਦੇ ਪੈਸੇ
ਵਸੂਲਦਾ ਸੀ। ਯੱਕੀ ਕੁਝ ਪੈਸੇ ਸਰਕਾਰ ਨੂੰ ਭੇਜਦਾ ਪਰ
ਜਿਆਦਾ ਆਪਣੇ ਕੋਲ ਰੱਖ ਲੈਂਦਾ ਸੀ।

ਕਰ ਲੈਣ ਵਾਲਾ ਹੋਣ ਦੇ ਕਾਰਨ ਯੱਕੀ ਬਹੁਤ ਅਮੀਰ ਹੋ ਗਿਆ। ਉਸ ਜੁਗਾ ਤੇ ਉਸ ਦਾ ਘਰ ਸਭ ਤੋਂ ਵੱਡਾ ਅਤੇ ਵਧੀਆ ਹੋਵੇਗਾ।



ਪਰ ਉਹ ਬਹੁਤ ਛੋਟਾ ਵੀ ਸੀ
- ਪੈਸੇ ਵਿੱਚ ਛੋਟਾ ਨਹੀ, ਪਰ
ਕੱਧ ਵਿੱਚ ਛੋਟਾ ਸੀ। ਯੱਕੀ
ਬਾਕੀ ਲੋਕਾਂ ਦੇ ਵਾਗੂੰ ਕਦੀ
ਵੀ ਵਦਿਆ ਨਹੀ ਸੀ।





ਜਦ ਯੱਕੀ ਸੁਣਿਆ ਕੇ ਯਿਸੂ ਯਰੀਹੋ ਵਿੱਚ ਹੈ,
ਛੋਟਾ ਕਰ ਲੈਣ ਵਾਲਾ ਨਾਸਰਤ ਦੇ ਉਸ ਮਨੁੱਖ ਨੂੰ ਵੇਖਣਾ ਚਾਹੁੰਦਾ
ਸੀ ਜੋ ਆਪਣੇ ਆਪ ਨੂੰ ਪਰਮੇਸ਼ਵਰ ਦਾ ਪੁੱਤਰ ਹੋਣ ਦਾ ਦਾਵਾ
ਕਰਦਾ ਸੀ। ਪਰ ਲੰਮੇ ਲੋਕਾਂ ਦੀ ਭੀੜ ਸੰਘਣੀ ਸੀ।



ਯੱਕੀ ਨੂੰ ਇੱਕ ਖ਼ਿਆਲ
ਆਇਆ! ਝੇਕਰ ਉਹ ਭੀੜ
ਤੋਂ ਅੱਗੇ ਲੱਘ ਜਾਵੇ ਅਤੇ ਉਸ
ਦਰੱਖ਼ਤ ਤੇ ਚੜ ਜਾਵੇ ਜਿਹੜਾ
ਰਾਹ ਦੇ ਲਾਗੇ ਹੈ ... ਤਾਂ ਉਹ
ਯਿਸੂ ਨੂੰ ਵੇਖ ਸਕੇਗਾ।



ਗੁੱਲਰ ਦੇ ਦਰਖਤ ਉੱਤੇ ਚੜਣ ਤੋਂ ਬਾਅਦ ਯੱਕੀ ਨੇ ਆਰਾਮ ਦਾਇਕ ਟਹਿਣੀ ਲੱਭੀ ਅਤੇ ਉਸ ਉੱਤੇ ਬੈਠ ਕੇ ਯਿਸੂ ਦਾ ਇੰਤਜਾਰ ਕੀਤਾ। ਸ਼ਾਇਦ ਉਸਨੇ ਸੋਚਿਆ ਹੋਣਾ, "ਕਿ ਹੁਣ ਮੈ ਆਰਾਮ ਨਾਲ ਵੇਖ ਸਕਾਂਗਾ। ਮੈਂ ਬਿਨਾਂ ਕਿਸੇ ਪਰੇਸ਼ਾਨੀ ਦੇ ਵੇਖ ਸਕਾਂਗਾ।"

“ਹੇ ਜ਼ੱਕੀ, ਛੇਤੀ ਕਰ ਅਤੇ ਥੱਲੇ ਉੱਤਰ ਆ।” ਛੋਟੇ ਕਰ ਲੈਣ ਵਾਲੇ ਨੂੰ ਆਪਣੇ ਕੰਨਾਂ ਤੇ ਵਿਸ਼ਵਾਸ਼ ਨਹੀ ਹੋ ਰਿਹਾ ਸੀ। ਯਿਸੂ ਦਰਖ਼ਤ ਦੇ ਥੱਲੇ ਖੜ੍ਹਾ ਹੋ ਗਿਆ। ਯਿਸੂ ਉਸ ਨੂੰ ਦੇਖ ਰਿਹਾ ਸੀ। ਯਿਸੂ ਉਸ ਨੂੰ ਬੁਲਾ ਰਿਹਾ ਸੀ!





ਜੇਕਰ ਯੱਕੀ ਹੈਰਾਨ ਹੋਇਆ ਕੇ ਯਿਸੂ ਨੇ ਉਸ ਨੂੰ ਬੁਲਾਇਆ, ਉਹ ਜਰੂਰ ਹੱਕਾ – ਬੱਕਾ ਹੋਇਆ ਹੋਣਾ ਜਦ ਯਿਸੂ ਨੇ ਆਖਿਆ ਸੀ, “ਅੱਜ ਮੈਂ ਜਰੂਰ ਤੇਰੇ ਘਰ ਵਿੱਚ ਰੁਕਾਂਗਾ। ” ਯੱਕੀ ਛੇਤੀ ਨਾਲ ਥੱਲੇ ਆ ਗਿਆ ਉਹ ਲਗਭਗ ਡਿੱਗਣ ਵਾਲਾ ਸੀ।

ਯੱਕੀ ਉਤੇਜਿਤ ਸੀ ਯਿਸੂ ਉਸ ਦੇ ਘਰ ਆਵੇਗਾ।
ਪਰ ਲੋਕਾਂ ਨੂੰ ਇਹ ਪਸੰਦ ਨਹੀ ਆਇਆ। ਉਹਨਾਂ
ਨੇ ਸ਼ਿਕਾਇਤ ਕੀਤੀ ਕੀ ਯਿਸੂ ਨੂੰ ਯੱਕੀ ਵਰਗੇ
ਪਾਪੀਆਂ ਦੇ ਘਰ ਨਹੀ ਜਾਣਾ ਚਾਹੀਦਾ।





ਯਿਸੂ ਜ਼ੱਕੀ ਦੇ ਲਈ
ਸੰਪੂਰਨ ਨਵੀ ਜ਼ਿੰਦਗੀ
ਲੈ ਆਇਆ। ਜ਼ੱਕੀ ਨੇ
ਆਖਿਆ, “ਪ੍ਰਭੂ, ਮੈਂ
ਆਪਣਾ ਅੱਧਾ ਧਨ
ਗਰੀਬਾਂ ਨੂੰ ਦਿੰਦਾ ਹਾਂ।
ਅਤੇ ਜੇਕਰ ਮੈਂ ਕਿਸੇ ਨੂੰ
ਧੋਖਾ ਦਿੱਤਾ ਹੈ, ਮੈਂ ਉਸ
ਨੂੰ ਚਾਰ ਗੁਣਾ ਵਾਪਸ
ਕਰਦਾ ਹਾਂ।”

ਯਿਸੂ ਯੱਕੀ ਦੇ ਨਵੇ ਜੀਵਨ ਤੋਂ ਪਰਸੰਨ ਹੋਇਆ। ਉਹ ਵੇਖਣਾ ਪਸੰਦ ਕਰਦਾ ਹੈ ਕੀ ਲੋਕ ਆਪਣੇ ਪਾਪਾਂ ਤੋਂ ਮੁੜਣ ਅਤੇ ਉਹ ਕਰਨ ਜੋ ਸਹੀ ਹੋਵੇ। ਯਿਸੂ ਨੇ ਆਖਿਆ, “ਇਹ ਮਨੁੱਖ ਦਾ ਪੁੱਤਰ ਉਹਨਾਂ ਨੂੰ ਭਾਲਣ ਅਤੇ ਬਚਾਉਣ ਆਇਆ ਹੈ ਜਿਹੜੇ ਗਵਾਚੇ ਹਨ।” ਉਸ ਦਿਨ ਯਰੀਹੋ ਵਿੱਚ ਯਿਸੂ ਨੇ ਯੱਕੀ ਨੂੰ ਲੱਭਿਆ।



# ਯਿਸੂ ਅਤੇ ਯੱਕੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਲੂਕਾ ਦੀ ਇੰਜੀਲ 19

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16